بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ   19.06.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 19 ਜੂਨ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعَالَمِيْنَ ۔ اَلرَّحْمٰنِ الرَّحِيْمِ ۔ مَالِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਯਾਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਪਿਛੱਲੇ ਖ਼ੁਤਬੇ ਵਿੱਚ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦਾ ਜ਼ਿਕਰ ਹੋ ਰਿਹਾ ਸੀ ਅਤੇ ਇਸਦਾ ਕੁਝ ਭਾਗ ਰਹਿ ਗਿਆ ਸੀ ਜੋ ਅੱਜ ਮੈਂ ਬਿਆਨ ਕਰਾਂਗਾ ।

ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ । ਉਹਦ ਦੀ ਜੰਗ ਦੇ ਦਿਨ ਜੱਦ ਲੋਕਾਂ ਦੇ ਪੈਰ੍ਹ ਉਖੜ ਗਏ ਤਾਂ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਪੱਕੇ ਪੈਰ੍ਹੀਂ ਡਟੇ ਰਹੇ । ਉਹਦ ਦੀ ਜੰਗ ਦੇ ਦਿਨ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੂੰ ਇੱਕੀ ਜ਼ਖ਼ਮ ਲੱਗੇ ਸਨ ਅਤੇ ਲੱਤ ਵਿੱਚ ਅਜਿਹਾ ਜ਼ਖ਼ਮ ਲਗੱਾ ਕਿ ਆਪ ਲੰਗੜਾਕੇ ਚਲਦੇ ਸਨ ਅਤੇ ਸਾਹਮਣੇ ਦੇ ਦੋ ਦੰਦ ਵੀ ਸ਼ਹੀਦ ਹੋ ਗਏ ਸਨ ।

ਹਜ਼ਰਤ ਇਬਨੇ ਉਮਰ ਬਿਆਨ ਕਰਦੇ ਹਨ ਕਿ ਸ਼ਾਬਾਨ ਛੇ ਹਿਜਰੀ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦੀ ਅਗਵਾਈ ਵਿੱਚ ਸੱਤ ਸੌ ਵਿਅਕਤੀਆਂ ਦੇ ਜੱਥੇ ਨੂੰ ਦੋਮਾਤੁਲ ਜੰਦਲ ਵੱਲ ਭੇਜਿਆ । ਆਪਣੇ ਮੁਬਾਰਕ ਹਥੱਾਂ ਨਾਲ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਕਾਲੇ ਰੰਗ ਦੀ ਪੱਗ ਉਹਨਾ ਦੇ ਸਿਰ'ਤੇ ਬੱਨ੍ਹੀ, ਜਿਸ ਦਾ ਸ਼ਮਲਾ ਉਹਨਾ ਦੇ ਮੋਢਿਆਂ ਵਿਚਕਾਰ ਰੱਖਿਆ । ਫ਼ਿਰ ਆਪ ਨੇ ਫ਼ਰਮਾਇਆ ਕਿ ਅਬੂ ਮੁਹਮੱਦ ਮੈਂਨੂੰ ਦੋਮਾਤੁਲ ਜੰਦਲ ਵੱਲੋਂ ਚਿੰਤਾਜਨਕ ਖ਼ਬਰਾਂ ਆ ਰਹੀਆਂ ਹਨ, ਉੱਥੇ ਮਦੀਨੇ ਉਪੱਰ ਹਮਲਾ ਕਰਨ ਲਈ ਲਸ਼ਕਰ ਇਕਤੱਰ ਹੋ ਰਿਹਾ ਹੈ । ਤੁਸੀਂ ਰੱਬ ਦੇ ਮਾਰਗ ਵਿੱਚ ਜਿਹਾਦ ਕਰਨ ਲਈ ਇਧੱਰ ਚਲੇ ਜਾਓ । ਸੋ, ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਦੋਮਾਤੁਲ ਜੰਦਲ ਪਹੁੰਚ ਕੇ ਉਹਨਾ ਨੂੰ ਤਿੰਨ ਦਿਨਾ ਤੱਕ ਇਸਲਾਮ ਦੀ ਦਾਵਤ ਦਿੱਤੀ । ਉਹ ਤਿਨ ਦਿਨਾ ਤੱਕ ਇਨਕਾਰ ਕਰਦੇ ਰਾਹੇ । ਫਿਰ ਇਸਬਗ਼ ਬਿਨ ਉਮਰੋ ਕਲਬੀ ਜੋ ਇਸਾਈ ਸੀ ਅਤੇ ਉਹਨਾ ਦਾ

ਸਰਦਾਰ ਸੀ ਉਸ ਨੇ ਇਸਲਾਮ ਕੁਬੂਲ ਕੀਤਾ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਸਾਰਾ ਹਾਲ ਲਿੱਖਿਆ । ਆਪ ਨੇ ਫ਼ਰਮਾਇਆ ਕਿ ਉਸ ਸਰਦਾਰ ਦੇ ਬੇਟੀ ਤਮਾਜ਼ਰ ਨਾਲ ਵਿਆਹ ਕਰ ਲਓ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੇ ਉਸ ਨਾਲ ਵਿਆਹ ਕੀਤਾ ਅਤੇ ਉਸਨੂੰ ਨਾਲ ਲੈਕੇ ਮਦੀਨੇ ਆਏ ਤਮਾਜ਼ਰ ਬਾਦ ਵਿੱਚ ਅਬੂ ਸਲਮਾ ਅਖ਼ਵਾਈ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਮਦੀਨੇ ਵਿੱਚ ਵੱਖ ਵੱਖ ਕਬੀਲਿਆਂ ਅਤੇ ਸਹਾਬਾ ਨੂੰ ਰਿਹਾਇਸ਼ ਲਈ ਥਾਂ ਪ੍ਰਦਾਨ ਕੀਤੀ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦੇ ਕਬੀਲੇ ਨੂੰ ਮਸਜਿਦ ਨਬਵੀ ਦੇ ਪਿੱਛੇ ਖਜੂਰਾਂ ਦੇ ਇਕ ਝੁੰਡ ਵਿੱਚ ਰਿਹਾਇਸ਼ ਲਈ ਥਾਂ ਮਿਲੀ । ਫਿਰ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਅਤੇ ਹਜ਼ਰਤ ਉਮਰ ਨੂੰ ਜਾਗੀਰ ਦੇ ਰੂਪ ਵਿੱਚ ਵੀ ਜ਼ਮੀਨ ਪ੍ਰਦਾਨ ਕੀਤੀ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਤੋਂ ਵਾਦਾ ਵੀ ਕੀਤਾ ਕਿ ਰੱਬ ਮੁਸਲਮਾਨਾ ਦਾ ਹੱਥੀਂ ਸ਼ਾਮ (ਸੀਰੀਆ) ਨੂੰ ਫ਼ਤਹ ਕਰੇਗਾ ਤਾਂ ਤੁਹਾਡੇ ਲਈ ਫ਼ਲਾਣਾ ਹਿਸੱਾ ਜ਼ਮੀਨ ਦਾ ਹੋਵੇਗਾ । ਸੋ, ਜੱਦ ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ ਸ਼ਾਮ ਦੇਸ਼ ਵਿੱਚ ਇਸਲਾਮ ਨੂੰ ਜਿਤੱਾਂ ਪ੍ਰਾਪਤ ਹੋਈਆਂ ਤਾਂ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੂੰ ਉਹਨਾ ਦੀ ਜ਼ਮੀਦ ਦਿੱਤੀ ਗਈ ।

ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੂੰ ਇਹ ਵੀ ਸੁਭਾਗ ਪ੍ਰਾਪਤ ਹੋਇਆ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਦੇ ਪਿੱਛੇ ਨਮਾਜ਼ ਪੜ੍ਹੀ । ਨਮਾਜ਼ ਦੇ ਬਾਦ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹਰ ਨਬੀ ਆਪਣੇ ਜੀਵਨ ਵਿੱਚ ਉਮੱਤ ਦੇ ਕਿਸੇ ਨੇਕ ਆਦਮੀ ਦੇ ਪਿੱਛੇ ਨਮਾਜ਼ ਜ਼ਰੂਰ ਪੜ੍ਹਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਇਕ ਬਹੁਤ ਵਡੱਾ ਸਨਮਾਨ ਸੀ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੂੰ ਬਖ਼ਸ਼ਿਆ । ਇਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਜ਼ੁਹਰ ਤੋਂ ਪਹਿਲਾਂ ਲੰਮੀ ਨਮਾਜ਼ ਪੱੜ੍ਹਿਆ ਕਰਦੇ ਸਨ ਅਰਥਾਤ ਨਫ਼ਲ ਪੜ੍ਹਿਆ ਕਰਦੇ ਸਨ । ਜੱਦ ਅਜ਼ਾਨ ਸੁਣਦੇ ਤਾਂ ਝੱਟ ਨਮਾਜ਼ ਲਈ ਆ ਜਾਂਦੇ । ਇਕ ਰਿਵਾਇਤ ਕਰਨ ਵਾਲੇ ਬਿਅਨ ਕਰਦੇ ਹਨ ਕਿ ਮੈਂ ਦੇਖਿਆ ਕਿ ਅਬਦੁਰ ਰਹਮਾਨ ਖ਼ਾਨਾ ਕਾਬਾ ਦਾ ਤਵਾਫ਼ (ਪ੍ਰਕ੍ਰਮਾ) ਕਰ ਰਹੇ ਹਨ ਅਤੇ ਇਹ ਦੁਆ ਕਰ ਰਹੇ ਹਨ ਕਿ ਹੇ ਅਲੱਾਹ ਮੈਨੂੰ ਨਫ਼ਸ ਦੇ ਬੁਖ਼ਲ ਤੋਂ ਬਚਾਉਂਣਾ ।

ਹਜ਼ਰਤ ਅਬਦੁਲੱਾਹ ਬਿਨ ਉਮਰ ਦੀ ਰਿਵਾਇਤ ਹੈ ਕਿ ਜਿਸ ਸਾਲ ਹਜ਼ਰਤ ਉਮਰ ਖ਼ਲੀਫ਼ਾ ਨਿਯੁਕਤ ਹੋਏ ਉਸ ਸਾਲ ਆਪਨੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਨੂੰ ਅਮੀਰ ਹੱਜ ਨਿਯੁਕਤ ਕੀਤਾ । ਇਕ ਵਾਰ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕੋਲ ਜੂਆਂ ਬਹੁਤ ਹੋਣ ਦੀ ਸ਼ਿਕਾਇਤ ਲੈਕੇ ਹਾਜ਼ਰ ਹੋਏ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਰੇਸ਼ਮੀ ਵਸਤਰ ਪਾਉਣ ਦੀ ਆਗਿਆ ਪ੍ਰਦਾਨ ਕੀਤੀ ।

ਸਅਦ ਬਿਨ ਇਬ੍ਰਾਹੀਮ ਤੋਂ ਰਿਵਾਇਤ ਹੈ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਚਾਦਰ ਪਾਇਆ ਕਰਦੇ ਸਨ ਜਿਸ ਦੀ ਕੀਮਤ ਚਾਰ ਜਾਂ ਪੰਜ ਸੌ ਦਿਰਹਮ ਸੀ । ਅਰਥਾਤ ਜੱਦ ਹਿਜਰਤ ਕੀਤੀ ਕੁਝ ਵੀ ਨਹੀਂ ਸੀ ਪਰ ਇਸ ਦੇ ਬਾਦ ਬਹੁਮੁੱਲ ਵਸਤਰ ਵੀ ਪਾਇਆ ਅਤੇ ਬਹੁਤ ਸਾਰੀ ਜਾਇਦਾਦ ਵੀ ਰੱਬ ਨੇ ਇਹਨਾ ਲਈ ਪੈਦਾ ਕਰ ਦਿੱਤੀ ।

ਮੱਕੇ ਦੀ ਜਿੱਤ ਦੇ ਬਾਦ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਵੱਖ ਵੱਖ ਪਾਸਿਆਂ ਵੱਲ ਕੁਝ ਜੱਥੇ ਭੇਜੇ ਤਾਂ ਹਜ਼ਰਤ ਖ਼ਾਲਿਦ ਬਿਨ ਵਲੀਦ ਨੂੰ ਬਨੂ ਜਜ਼ੀਮਾ ਵੱਲ ਭੇਜਿਆ । ਬਨੂ ਜਜ਼ੀਮਾ ਨੇ ਜਹਾਲਤ ਵਿੱਚ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦੇ ਪਿਤਾ ਔਫ਼ ਅਤੇ ਹਜ਼ਰਤ ਖ਼ਾਲਿਦ ਬਿਨ ਵਲੀਦ ਦੇ ਚਾਚਾ ਫ਼ਾਤਿਹ ਬਿਨ ਮੁਗੀਰਾ ਦਾ ਕਤਲ ਕੀਤਾ ਸੀ । ਹਜ਼ਰਤ ਖ਼ਾਲਿਦ ਤੋਂ ਗ਼ਲਤੀ ਨਾਲ ਇਸ ਕਬੀਲੇ ਦਾ ਇਕ ਵਿਅਕਤੀ ਕਤਲ ਹੋ ਗਿਆ ਸੀ । ਅਬਦੁਰ ਰਹਮਾਨ ਬਿਨ ਔਫ਼ ਨੂੰ ਹਜ਼ਰਤ ਖ਼ਾਲਿਦ ਬਿਨ ਵਲੀਦ ਦੇ ਇਸ ਕਾਰਜ ਦਾ ਪਤਾ ਲਗੱਾ ਤਾਂ ਆਪ ਨੇ ਹਜ਼ਰਤ ਖ਼ਾਲਿਦ ਨੂੰ ਕਿਹਾ ਤੁਸੀਂ ਇਸ ਨੂੰ ਇਸ ਲਈ ਕਤਲ ਕੀਤਾ ਕਿ ਉਹਨਾ ਨੇ ਤੁਹਾਡੇ ਚਾਚਾ ਨੂੰ ਕਤਲ ਕੀਤਾ ਸੀ ? ਹਜ਼ਰਤ ਖ਼ਾਲਿਦ ਨੇ ਜਵਾਬ ਵਿੱਚ ਸ਼ਖਤੀ ਨਾਲ ਕਿਹਾ ਕਿ ਉਹਨਾ ਨੇ ਤੁਹਾਡੇ ਪਿਤਾ ਨੂੰ ਵੀ ਕਤਲ ਕੀਤਾ ਸੀ । ਹਜ਼ਰਤ ਖ਼ਾਲਿਦ ਨੇ ਹੋਰ ਵਧੇਰੇ

ਕਿਹਾ ਕਿ ਤੁਸੀਂ ਸਾਡੇ ਤੋਂ ਪਹਿਲਾਂ ਇਮਾਨ ਲੈ ਆਏ ਹੋ ਇਸ ਲਈ ਵਡੱਾ ਸਨਮਾਨ ਸਮਝਦੇ ਹੋ । ਇਹ ਗੱਲ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਪਹੁੰਚੀ ਤਾਂ ਆਪ ਨੇ ਫ਼ਰਮਾਇਆ ਮੇਰੇ ਸਹਾਬਾ ਨੂੰ ਛੱਡ ਦਿਓ ਸਹੁੰ ਹੈ ਉਸ ਰੱਬ ਦੀ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਜੇਕਰ ਤੁਹਾਡੇ ਵਿੱਚੋਂ ਕੋਈ ਉਹਦ ਦੇ ਪਹਾੜ ਜਿੰਨ੍ਹਾ ਸੋਨਾ ਵੀ ਖਰਚ ਕਰੇ ਤਾਂ ਉਹਨਾ ਨੇ ਸਾਧਾਰਣ ਖ਼ਰਚ ਨੂੰ ਵੀ ਨਹੀਂ ਪਹੁੰਚ ਸਕਦਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਬਾਰੇ ਫ਼ਰਮਾਇਆ ਕਿ ਉਹ ਮੁਸਲਮਾਨਾ ਦੇ ਸਰਦਾਰਾਂ ਦੇ ਸਰਦਾਰ ਹਨ ਅਤੇ ਇਹ ਵੀ ਫ਼ਰਮਾਇਆ ਕਿ ਅਬਦੁਰ ਰਹਮਾਨ ਅਕਾਸ਼ ਵਿੱਚ ਵੀ ਅਮੀਨ (ਇਮਾਨਦਾਰ) ਹੈ ਅਤੇ ਧਰਤੀ ਵਿੱਚ ਵੀ ਅਮੀਨ ਹੈ ।

ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਇਕ ਵਾਰ ਐਨੇ੍ਹ ਸਖ਼ਤ ਬਿਮਾਰ ਹੋਏ ਕਿ ਬੇਹੋਸ਼ੀ ਛਾ ਗਈ । ਉਹਨਾ ਦੀ ਪਤਨੀ ਦੇ ਮੂੰਹੋਂ ਚੀਕ ਨਿਕਲ ਗਈ । ਜੱਦ ਉਹਨਾ ਨੂੰ ਹੋਸ਼ ਆਈ ਤਾਂ ਕਹਿਣ ਲੱਗੇ ਮੈਂਨੂੰ ਜੱਦ ਬੇਹੋਸ਼ੀ ਆਈ ਸੀ ਤਾਂ ਮੇਰੇ ਕੋਲ ਦੋ ਵਿਅਕਤੀ ਆਏ ਅਤੇ ਉਹਨਾ ਨੇ ਮੈਂਨੂੰ ਕਿਹਾ ਚੱਲੋ ਗ਼ਾਲਬ ਅਮੀਨ ਵੁਜੂਦ ਦੇ ਸਾਹਮਣੇ ਤੁਹਾਡਾ ਫ਼ੈਸਲਾ ਕਰਾਉਦੇ ਹਾਂ । ਤਾਂ ਉਹਨਾ ਦੋਹਾਂ ਨੂੰ ਇਕ ਹੋਰ ਵਿਅਕਤੀ ਮਿਲਿਆ ਅਤੇ ਕਹਿਣ ਲਗੱਾ ਇਸ ਨੂੰ ਨ ਲੈ ਜਾਓ ਕਿਉਂਕਿ ਇਹ ਮਾਂ ਦੀ ਕੁੱਖ ਵਿੱਚੋਂ ਬਖ਼ਸ਼ਿਆ ਹੋਇਆ ਹੈ ।

ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਉਹਨਾ ਲੋਕਾਂ ਵਿੱਚੋਂ ਹਨ ਜੋ ਅਸ਼ਰਾ ਮੁਬਸ਼ੱਰਾ ਵਿੱਚੋਂ ਸਨ ਜਿੰਨ੍ਹਾ ਨੂੰ ਸਵਰਗ ਦੀ ਖ਼ੁਸ਼ਖ਼ਬਰੀ ਵੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਦੇ ਦਿੱਤੀ ਸੀ ਪਰ ਫਿਰ ਵੀ ਇਹਨਾ ਲੋਕਾਂ ਵਿੱਚ ਰੱਬ ਦਾ ਖ਼ੌਫ਼ ਅਤੇ ਡਰ ਐਨ੍ਹਾ ਸੀ ਕਿ ਹਰ ਸਮੇਂ ਚਿੰਤਾ ਵਿੱਚ ਰਹਿੰਦੇ ਸਨ ਅਤੇ ਦਾਨ ਦਖਿਣਾ ਬਹੁਤ ਅਧਿਕ ਕਰਿਆ ਕਰਦੇ ਸਨ ।

ਇਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਅਬੱਾਸ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਉਮਰ ਸ਼ਾਮ ਦੇਸ਼ ਵੱਲ ਨਿਕਲੇ ਇੱਥੋਂ ਤੱਕ ਕਿ ਸਰਗ਼ ਅਸਥਾਨ ਤੱਕ ਪਹੁੰਚ ਗਏ । ਆਪ ਦੀ ਮੁਲਾਕਾਤ ਫ਼ੌਜਾਂ ਦੇ ਕਮਾਂਡਰ ਹਜ਼ਰਤ ਅਬੂ ਉਬੈਦਾਹ ਬਿਨ ਜਿਰਾਹ ਅਤੇ ਉਹਨਾ ਦੇ ਸਾਥੀਆਂ ਨਾਲ ਹੋਈ । ਲੋਕਾਂ ਦੇ ਹਜ਼ਰਤ ਉਮਰ ਨੂੰ ਦੱਸਿਆ ਕਿ ਸ਼ਾਮ ਦੇਸ਼ ਵਿੱਚ ਤਾਊਨ ਦੀ ਵਬਾ ਫ਼ੁੱਟ ਪਈ ਹੈ । ਹਜ਼ਰਤ ਉਮਰ ਨੇ ਸਲਾਹ ਮਸ਼ਵਰੇ ਬਾਦ ਲੋਕਾਂ ਵਿੱਚ ਵਾਪਸੀ ਦਾ ਐਲਾਨ ਕਰ ਦਿਤੱਾ । ਹਜ਼ਰਤ ਅਬੂ ਉਬੈਦਾਹ ਬਿਨ ਜਰਾਹ ਨੇ ਇਸ ਮੌਕੇ'ਤੇ ਪ੍ਰਸ਼ਨ ਕੀਤਾ ਕੀ ਰੱਬ ਦੀ ਤਕਦੀਰ ਤੋਂ ਫ਼ਰਾਰ ਹੋਣਾ ਸੰਭਵ ਹੈ ? ਹਜ਼ਰਤ ਉਮਰ ਦੇ ਫ਼ਰਮਾਇਆ ਕਿ ਹੇ, ਅਬੂ ਉਬੈਦਾਹ ਕਾਸ਼ ਇਹ ਗੱਲ ਤੁਹਾਡੇ ਤੋਂ ਬਿਨਾ ਕਿਸੇ ਹੋਰ ਨੇ ਆਖੀ ਹੁੰਦੀ । ਹਾਂ, ਅਸੀਂ ਰੱਬ ਦੀ ਇਕ ਤਕਦੀਰ ਤੋਂ ਫ਼ਰਾਰ ਹੋਕੇ ਰੱਬ ਦੀ ਇਕ ਦੂਜੀ ਤਕਦੀਰ ਵੱਲ ਜਾਂਦੇ ਹਾਂ । ਜੇਕਰ ਤੁਹਾਡੇ ਕੋਲ ਊਠ ਹੋਣ ਅਤੇ ਤੁਸੀਂ ਉਹਨਾ ਨੂੰ ਲੈਕੇ ਅਜਿਹੀ ਵਾਦੀ ਵਿੱਚ ਜਾ ਉਤਰੋ ਜਿਸ ਦੇ ਦੋ ਕੰਢੇ ਹੋਣ ਇਕ ਹਰਿਆਵਲ ਭਰਿਆ ਅਤੇ ਦੂਜਾ ਖ਼ੁਸ਼ਕ, ਤਾਂ ਕੀ ਅਜਿਹਾ ਨਹੀਂ ਕਿ ਤੁਸੀਂ ਆਪਣੇ ਊਠਾਂ ਨੂੰ ਹਰਿਆਵਲ ਭਰੇ ਥਾਵਾਂ'ਤੇ ਚਰਾਓ ਤਾਂ ਇਹ ਰੱਬ ਦੀ ਤਕਦੀਰ ਨਾਲ ਹੈ ਅਤੇ ਜੇਕਰ ਤੁਸੀਂ ਉਹਨਾ ਨੂੰ ਖ਼ੁਸ਼ਕ ਥਾਵਾਂ'ਤੇ ਚਰਾਓ ਤਾਂ ਉਹ ਵੀ ਰੱਬ ਦੀ ਤਕਦੀਰ ਨਾਲ ਹੀ ਹੈ । ਰਾਵੀ ਕਹਿੰਦੇ ਹਨ ਕਿ ਐਨੇ੍ਹ ਵਿੱਚ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਵੀ ਆ ਗਏ । ਉਹਨਾ ਨੇ ਅਰਜ਼ ਕੀਤੀ ਕਿ ਮੇਰੇ ਕੋਲ ਇਸ ਮਸਲੇ ਦੀ ਜਾਣਕਾਰੀ ਹੈ । ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦਿਆਂ ਹੋਇਆਂ ਸੁਣਿਆ ਹੈ ਕਿ ਜੱਦ ਤੁਸੀਂ ਕਿਸੇ ਥਾਂ ਬਾਰੇ ਸੁਣੋ ਕਿ ਕਿ ਉੱਥੇ ਕੋਈ ਵਬਾ ਫ਼ੁੱਟ ਪਈ ਹੈ ਤਾਂ ਉੱਥੇ ਨ ਜਾਓ ਅਤੇ ਜੇਕਰ ਕੋਈ ਰੋਗ ਕਿਸੇ ਅਜਿਹੀ ਥਾਂ ਫ਼ੁੱਟ ਪਏ ਜਿੱਥੇ ਤੁਸੀਂ ਰਹਿੰਦੇ ਹੋ ਤਾਂ ਉੱਥੋਂ ਦੀ ਫ਼ਰਾਰ ਹੁੰਦਿਆਂ ਹੋਇਆਂ ਬਾਹਰ ਨ ਨਿਕਲੋ, ਜਿੱਥੇ ਵਬਾ ਫ਼ੁੱਟ ਪਈ ਹੈ । ਜਿੱਥੇ ਵਬਾ ਫ਼ੁਟ ਪਈ ਹੈ ਉੱਥੇ ਜਾਣਾ ਨਹੀਂ ਅਤੇ ਜਿਸ ਖੇਤਰ ਵਿੱਚ ਰਹਿੰਦੇ ਹੋ ਉੱਥੇ ਵਬਾ ਫ਼ੁੱਟ ਪਈ ਹੈ ਤਾਂ ਫਿਰ ਉੱਥੋਂ ਬਾਹਰ ਨ ਨਿਕਲੋ ਅਤੇ ਆਪਣੇ ਆਪ ਨੂੰ ਓਥੇ ਹੀ ਰੱਖੋ ਤਾਂ ਜੋ ਉਹ ਰੋਗ ਤੇ ਵਬਾ ਦੂਜਿਆਂ ਲੋਕਾਂ ਵਿੱਚ ਨ ਫ਼ੈਲੇ ।

ਅੱਜ ਕਲ ਦੁਨੀਆ ਇਸ'ਤੇ ਜੋ ਅਮਲ ਕਰ ਰਹੇ ਹਨ ਲਾਕ ਡਾਊਨ ਵਿੱਚ, ਜਿੰਨ੍ਹਾ ਨੇ ਸਮੇਂ'ਤੇ ਕੀਤਾ ਓਥੇ ਉਹਨਾ ਨੇ ਇਸ ਨੂੰ ਵਾਹਵਾ ਸੀਮਤ ਕਰ ਲਿਆ ਹੈ । ਜਿੱਥੇ ਨਹੀ ਕਰ ਸਕੇ ਅਤੇ ਲਾਪਰਵਾਹੀ ਵਰਤੀ ਉੱਥੇ ਇਹ ਫ਼ੈਲਦੀ ਜਾ

ਰਹੀ ਹੈ । ਬਹਿਰਹਾਲ ਇਹ ਬੁਨਿਆਦੀ ਨੁਕਤਾ ਹੈ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਅਰੰਭ ਵਿੱਚ ਅਪਣੇ ਸਹਾਬਾ ਨੂੰ ਦੱਸ ਦਿਤੱਾ । ਇਸ'ਤੇ ਹਜ਼ਰਤ ਉਮਰ ਨੇ ਰੱਬ ਦੀ ਪ੍ਰਸ਼ੰਸਾ ਕੀਤੀ ਅਤੇ ਪਰਤ ਆਏ ।

ਹਜ਼ਰਤ ਮਸੂਰ ਬਿਨ ਮੁਖ਼ਰਮਾ ਬਿਆਨ ਕਰਦੇ ਹਨ ਕਿ ਇਕ ਦਿਨ ਹਜ਼ਰਤ ਉਮਰ ਰਜ਼ੀ ਅਲੱਹ ਅਨਹੁ ਮੈਂਬਰ'ਤੇ ਆਏ ਅਤੇ ਕੁਝ ਗਲੱਾਂ ਆਖੀਆਂ ਅਤੇ ਫ਼ਰਮਾਇਆ ਕਿ ਜੇਕਰ ਮੈਂ ਮਰ ਜਾਵਾਂ ਤਾਂ ਤੁਹਾਡਾ ਮਾਮਲਾ ਇਹਨਾ ਛੇ ਲੋਕਾਂ ਦੇ ਜ਼ਿੱਮੇ ਹੋਵੇਗਾ ਜਿੰਨ੍ਹਾ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਹਾਲਤ ਵਿੱਚ ਛੱਡਿਆ ਹੈ ਜੱਦ ਕਿ ਆਪ ਸਲਲੱਾਹੁ ਅਲੈਹਿ ਵਸਲਮ ਇਹਨਾ ਸਾਰਿਆਂ ਤੋਂ ਰਾਜ਼ੀ ਸਨ । ਹਜ਼ਰਤ ਅਲੀ ਬਿਨ ਅਬੂ ਤਾਲਬ ਅਤੇ ਆਪ ਦੇ ਮਿਸਾਲੀ ਹਜ਼ਰਤ ਜ਼ੁਬੈਰ ਬਿਨ ਅਵਾਮ, ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਅਤੇ ਆਪਦੇ ਮਿਸਾਲੀ ਹਜ਼ਰਤ ਉਸਮਾਨ ਬਿਨ ਅਫ਼ਾਨ ਅਤੇ ਹਜ਼ਰਤ ਤਲਹਾ ਬਿਨ ਉਬੈਦੁਲੱਾਹ ਅਤੇ ਆਪਦੇ ਮਿਸਾਲੀ ਹਜ਼ਰਤ ਸਅਦ ਬਿਨ ਮਾਲਕ । ਫ਼ਰਮਾਇਆ ਖ਼ਬਰਦਾਰ ਮੈਂ ਤੁਹਾਨੂੰ ਸਾਰਿਆਂ ਨੂੰ ਫ਼ੈਸਲਾ ਕਰਨ ਵਿੱਚ ਰੱਬ ਦਾ ਤਕਵਾ (ਸੰਜਮਤਾ) ਧਾਰਣ ਕਰਨ ਅਤੇ ਵੰਡ ਸਮੇਂ ਇਨਸਾਫ਼ ਧਾਰਨ ਕਰਨ ਦਾ ਆਦੇਸ਼ ਦਿੰਦਾ ਹਾਂ । ਅਬੂ ਜਾਅਫ਼ਰ ਬਿਆਨ ਕਰਦੇ ਹਨ ਕਿ ਹਜ਼ਰਤ ਉਮਰ ਬਿਨ ਖ਼ਤਾਬ ਨੇ ਸ਼ੂਰਾ ਦੇ ਮੈਂਬਰਾਂ ਨੂੰ ਕਿਹਾ ਕਿ ਆਪਣੇ ਮਾਮਲਿਆਂ ਵਿੱਚ ਆਪੋ ਵਿੱਚ ਮਸ਼ਵਰਾ ਕਰੋ ਫਿਰ ਜੇਕਰ ਦੋ ਦੋ ਹੋਣ ਤਾਂ ਫਿਰ ਦੁਬਾਰਾ ਮਸ਼ਵਰਾ ਕਰਨ ਅਤੇ ਜੇਕਰ ਚਾਰ ਅਤੇ ਦੋ ਹੋਣ ਤਾਂ ਬਹੁਤਿਆਂ ਦੀ ਗਿਣਤੀ ਨੂੰ ਧਾਰਣ ਕਰੋ । ਜ਼ੈਦ ਬਿਨ ਅਸਲਮ ਆਪਣੇ ਪਿਤਾ ਵੱਲੋਂ ਬਿਆਨ ਕਰਦੇ ਹਨ ਕਿ ਹਜ਼ਰ ਉਮਰ ਨੇ ਫ਼ਰਮਾਇਆ ਕਿ ਜੇਕਰ ਤਿੰਨ ਤਿੰਨ ਦੀ ਰਾਏ ਸਮਤੁਲ ਹੋ ਜਾਏ ਤਾਂ ਜਿਸ ਵੱਲ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਹੋਣਗ਼ੇ ਉਸ ਵੱਲ ਦੇ ਲੋਕਾਂ ਦੀ ਸੁਣੋ ਅਤੇ ਪਾਲਣਾ ਕਰੋ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਤਿੰਨ ਦਿਨ ਮਦੀਨੇ ਦੇ ਹਰ ਘਰ ਗਏ ਅਤੇ ਪੁਰਸ਼ਾਂ ਤੇ ਇਸਤਰੀਆਂ ਨੂੰ ਪੁੱਛਿਆ ਕਿ ਉਹਨਾ ਦੀ ਰਾਏ ਕਿਸ ਵਿਅਕਤੀ ਦੀ ਖ਼ਿਲਾਫ਼ਤ ਦੇ ਹੱਕ ਵਿੱਚ ਹੈ । ਸਾਰਿਆਂ ਨੇ ਇਹੋ ਕਿਹਾ ਕਿ ਉਹਨਾ ਨੂੰ ਹਜ਼ਰਤ ਉਸਮਾਨ ਦੀ ਖ਼ਿਲਾਫ਼ਤ ਮਨਜ਼ੂਰ ਹੈ । ਸੋ, ਉਹਨਾ ਨੇ ਹਜ਼ਰਤ ਉਸਮਾਨ ਦੇ ਹੱਕ ਵਿੱਚ ਆਪਣਾ ਫ਼ੈਸਲਾ ਦੇ ਦਿਤੱਾ ਅਤੇ ਉਹ ਖ਼ਲੀਫ਼ਾ ਹੋ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਦੀਆਂ ਕੁਝ ਹੋਰ ਗਲੱਾਂ ਵੀ ਹਨ ਜੋ ਇਨ ਸ਼ਾਅਲੱਾਹ ਭਵਿੱਖ ਵਿੱਚ ਬਿਆਨ ਹੋਣਗੀਆਂ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ
فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللہ اِنَّ اللّٰہَ یَاْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 19.06.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131